ਦਫ਼ਤਰ, ਚੋਣਕਾਰ ਰਜਿਸਟਰੇਸ਼ਨ ਅਫ਼ਸਰ,
092 ਬਠਿੰਡਾ ਸ਼ਹਿਰੀ ਵਿਧਾਨ ਸਭਾ ਹਲਕਾ-ਕਮ-ਉਪ ਮੰਡਲ ਮੈਜਿਸਟਰੇਟ, ਬਠਿੰਡਾ।
ਕਮਰਾ ਨੰ: 314 ਦੂਜੀ ਮੰਜਲ ਮਿਨੀ ਸਕੱਤਰੇਤ, ਬਠਿੰਡਾ।

2025-14460

ਫੋਨ ਨੰ: 0164-2212525
ਜਿੰਮੇਵਾਰ ਬਣੋ,ਵੋਟਰ ਬਣੋ
ਪੱਤਰ ਨੰ .....12......./2025 ਚੋਣਾਂ

mail:ero92bathindaurban@gmail.com
ਜਿੰਮੇਵਾਰ ਬਣੋ,ਵੋਟਰ ਬਣੋ
ਮਿਤੀ:....10../.01..../2025

ਵੱਲ,

ਸਮੂਹ ਸੁਪਰਵਾਈਜ਼ਰ,

092-ਬਠਿੰਡਾ ਸ਼ਹਿਰੀ।

ਵਿਸ਼ਾ:- ਰਾਸ਼ਟਰੀ ਵੋਟਰ ਦਿਵਸ 25 ਜਨਵਰੀ 2025 ਨੂੰ ਮਨਾਉਣ ਸਬੰਧੀ।

ਹਵਾਲਾ:- ਜਿਲ੍ਹਾ ਚੋਣ ਅਫ਼ਸਰ, ਬਠਿੰਡਾ ਜੀ ਦੇ ਦਫ਼ਤਰ ਦੇ ਪੱਤਰ ਨੰ ਚੋਣ-2025/87-92 ਮਿਤੀ:09.01.2025 ਸਬੰਧੀ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿਚ ਭਾਰਤ ਚੋਣ ਕਮਿਸ਼ਨ ਵੱਲੋਂ ਲੋਕਤੰਤਰ ਪ੍ਰਣਾਲੀ ਵਿੱਚ ਵੋਟਰਾਂ ਦੀ ਭਾਗੀਦਾਰੀ ਵਧਾਉਣ ਲਈ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 25 ਜਨਵਰੀ 2025 ਨੂੰ ਰਾਸ਼ਟਰੀ ਵੋਟਰ ਦਿਵਸ ਮਨਾਇਆ ਜਾ ਰਿਹਾ ਹੈ। ਇਸ ਮੌਕੇ ਤੇ ਆਪਦੇ ਸੈਕਟਰ ਅਧੀਨ ਆਉਂਦੇ ਸਮੂਹ ਬੀ.ਐਲ.ਓਜ਼ ਨੂੰ ਬੂਥਾਂ ਉਪਰ ਰਾਸ਼ਟਰੀ ਵੋਟਰ ਦਿਵਸ ਮਨਾਉਣ ਦੀ ਹਦਾਇਤ ਕੀਤੀ ਜਾਵੇ ਅਤੇ ਬੀ.ਐਲ.ਓਜ਼ ਦੇ ਸਬੰਧਤ ਬੂਥਾਂ ਦੇ ਵੋਟਰਾਂ ਦੀ ਚੋਣਾਂ ਵਿੱਚ ਭਾਗੀਦਾਰੀ ਯਕੀਨੀ ਬਣਾਉਣ ਲਈ ਵੋਟਰਾਂ ਵੱਲੋਂ ਵੋਟਰ ਪ੍ਰਣ ਲੈਣ ਲਈ ਪ੍ਰੇਰਿਤ ਕੀਤਾ ਜਾਵੇ, ਜਿਸ ਲਈ ਆਪ ਨੂੰ ਵੋਟਰ ਪ੍ਰਣ ਦੀ ਕਾਪੀ ਇਸ ਪੱਤਰ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ ਅਤੇ ਇਸ ਮੌਕੇ ਵੋਟਰਾਂ ਵੱਲੋਂ ਵੋਟਰ ਪ੍ਰਣ ਲੈਂਦਿਆ ਦੀਆਂ ਤਸਵੀਰਾਂ ਇਸ ਦਫ਼ਤਰ ਨਾਲ ERO092 ਗਰੁੱਪ ਵਿਚ ਵਟਸਐਪ ਰਾਹੀਂ ਸਾਂਝੀਆਂ ਕੀਤੀਆਂ ਜਾਣ। ਸੋ ਇਸ ਸਬੰਧੀ ਆਪ ਵੱਲੋਂ ਮਿਤੀ 25.01.2025 ਨੂੰ ਆਪਣੇ ਸੈਕਟਰ ਦੇ ਅਧੀਨ ਆਉਂਦੇ ਬੀ.ਐਲ.ਓਜ਼ ਨੂੰ ਹਾਜ਼ਰ ਹੋਣ ਲਈ ਪਾਬੰਦ ਕੀਤਾ ਜਾਵੇ ਅਤੇ ਉਨ੍ਹਾਂ ਦੀ ਬੂਥਾਂ ਉਪਰ ਹਾਜ਼ਰੀ ਨਿੱਜੀ ਤੌਰ ਤੇ ਵਾਚੀ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
092 ਬਠਿੰਡਾ ਸ਼ਹਿਰੀ-ਕਮ-
ਉਪ ਮੰਡਲ ਮੈਜਿਸਟਰੇਟ, ਬਠਿੰਡਾ।

ਪਿੱਠ ਅੰਕਣ ਨੰ: 13-16 ਮਿਤੀ: 10/01/2025

ਇਸ ਦਾ ਇੱਕ ਉਤਾਰਾ:-

1. ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ, ਬਠਿੰਡਾ ਜੀ ਪਾਸ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।
2. ਸਮੂਹ ਵਿਭਾਗਾਂ/ਸਕੂਲਾਂ ਦੇ ਮੁੱਖੀਆਂ, ਬਠਿੰਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਦੇ ਅਧੀਨ ਕੰਮ ਕਰ ਰਹੇ ਅਧਿਕਾਰੀਆਂ/ਕਰਮਚਾਰੀਆਂ ਨੂੰ ਜੋ ਕਿ 092 ਬਠਿੰਡਾ ਸ਼ਹਿਰੀ ਵਿਖੇ ਬਤੌਰ ਸੁਪਰਵਾਈਜ਼ਰ/ਬੀ.ਐਲ.ਓ ਡਿਊਟੀ ਨਿਭਾ ਰਹੇ ਹਨ, ਨੂੰ ਰਾਸ਼ਟਰੀ ਵੋਟਰ ਦਿਵਸ 25 ਜਨਵਰੀ 2025 ਨੂੰ ਦਫ਼ਤਰੀ ਡਿਊਟੀ ਤੋਂ ਛੋਟ ਦਿੱਤੀ ਜਾਵੇ ਅਤੇ ਉਨ੍ਹਾਂ ਨੂੰ ਬੂਥਾਂ ਤੇ ਹਾਜ਼ਰ ਹੋਣ ਪਾਬੰਦ ਕੀਤਾ ਜਾਵੇ।
3. ਜ਼ਿਲ੍ਹਾ ਸਿੱਖਿਆ ਅਫ਼ਸਰ, ਬਰਨਾਲਾ (ਪ੍ਰਾਇਮਰੀ/ਸੈਕੰਡਰੀ) ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਦੇ ਅਧੀਨ ਕੰਮ ਕਰ ਰਹੇ ਕਰਮਚਾਰੀਆਂ ਨੂੰ ਜੋ ਕਿ 092 ਬਠਿੰਡਾ ਸ਼ਹਿਰੀ ਵਿਖੇ ਬਤੌਰ ਬੀ.ਐਲ.ਓ ਡਿਊਟੀ ਨਿਭਾ ਰਹੇ ਹਨ, ਨੂੰ ਰਾਸ਼ਟਰੀ ਵੋਟਰ ਦਿਵਸ 25 ਜਨਵਰੀ 2025 ਨੂੰ ਦਫ਼ਤਰੀ ਡਿਊਟੀ ਤੋਂ ਛੋਟ ਦਿੱਤੀ ਜਾਵੇ ਅਤੇ ਉਨ੍ਹਾਂ ਨੂੰ ਬੂਥਾਂ ਤੇ ਹਾਜ਼ਰ ਹੋਣ ਲਈ ਪਾਬੰਦ ਕੀਤਾ ਜਾਵੇ।
4. ਸਮੂਹ ਬਿਲਡਿੰਗ ਮੁੱਖੀਆਂ, ਬਠਿੰਡਾ ਪਾਸ ਭੇਜ ਕਿ ਲਿਖਿਆ ਜਾਂਦਾ ਹੈ ਕਿ ਮਿਤੀ 25 ਜਨਵਰੀ 2025 ਦਿਨ ਸ਼ਨੀਵਾਰ ਨੂੰ ਬੀ.ਐਲ.ਓਜ਼ ਵੱਲੋਂ ਬੂਥਾਂ ਉੱਪਰ ਹਾਜ਼ਰ ਹੋਣਾ ਹੈ, ਇਸ ਲਈ ਆਪ ਨੂੰ ਹਦਾਇਤ ਕੀਤਾ ਜਾਂਦੀ ਹੈ ਕਿ ਬਿਲਡਿੰਗ ਨੂੰ ਖੁੱਲ੍ਹਾ ਰੱਖਿਆ ਜਾਵੇ ਅਤੇ ਬੀ.ਐਲ.ਓਜ਼ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
092 ਬਠਿੰਡਾ ਸ਼ਹਿਰੀ-ਕਮ-
ਉਪ ਮੰਡਲ ਮੈਜਿਸਟਰੇਟ, ਬਠਿੰਡਾ।

ਦਫ਼ਤਰ ਜਿ: ਸਿੱਖਿਆ ਅਫ਼ਸਰ (ਸੈ:ਸਿ) ਬਠਿੰਡਾ
ਪਿੱਠ ਅੰਕਣ ਨੰ: ਜੀ-4/1(2025) 6263 ਮਿਤੀ: 13/01/25
ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ, (092 ਬਠਿੰਡਾ ਸ਼ਹਿਰੀ) ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਸਬੰਧਤ ਕਰਮਚਾਰੀ (ਬਤੌਰ ਸੁਪਰਵਾਈਜ਼ਰ/ਬੀ.ਐਲ.ਓ.) ਦੀ ਹਾਜ਼ਰੀ ਜਾਰੀ ਡਿਊਟੀ ਤੇ ਹਰ ਹਾਲਤ ਵਿੱਚ ਯਕੀਨੀ ਬਣਾਇਆ ਜਾਵੇ,

ਉਪ ਜਿ: ਸਿੱਖਿਆ ਅਫ਼ਸਰ (ਸੈ:ਸਿ) ਬਠਿੰਡਾ
13/01/25